(This question paper contains 2 printed pages)

Roll No.

Sl. No of Question Paper: 5454

Unique Paper Code: 212551

E

Name of the Paper: Punjabi Discipline A

Name of the Course: B. A. (Prog.) Punjabi Discipline

Semester: V

Time : 3 Hours

Maximum Marks : 75

**ਨੋਟ :** ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ।

1. 'ਕਾਵਿ-ਸੁਰਾਂ' ਵਿਚ ਦਰਜ਼ ਨਿਮਨ-ਲਿਖਿਤ ਕਵਿਤਾਵਾਂ ਵਿਚੋਂ ਕਿਸੇ **ਇਕ** ਦੀ ਸਾਹਿਤਕ ਆਲੋਚਨਾ ਕਰੋ : (15)

   (ੳ) ਕਾਵਿ ਰੰਗ ਸੁੰਦਰਤਾ

   (ਅ) ਸੁਨੇਹੁੜੇ

   (ੲ) ਸ਼ਾਮਾਂ ਪੈ ਗਈਆਂ

2. ਆਧੁਨਿਕ ਪੰਜਾਬੀ ਕਵਿਤਾ ਦੇ ਨਿਕਾਸ ਤੇ ਵਿਕਾਸ ਬਾਰੇ ਚਰਚਾ ਕਰਦਿਆਂ, ਇਸਦੀਆਂ ਕੋਈ ਤਿੰਨ ਪ੍ਰਮੁੱਖ ਪ੍ਰਵਿਰਤੀਆਂ ਬਾਰੇ ਚਰਚਾ ਕਰੋ। (10)

   **ਜਾਂ**

   ਆਧੁਨਿਕ ਪੰਜਾਬੀ ਕਵਿਤਾ ਵਿਚ ਆਧੁਨਿਕਤਾ ਦੇ ਸੰਕਲਪ ਦਾ ਉਲੇਖ ਕਰੋ।

3. ਹਰਸ਼ਰਨ ਸਿੰਘ ਦੀ ਪੁਸਤਕ 'ਮੇਰੇ ਚੋਣਵੇਂ ਇਕਾਂਗੀ' ਵਿਚੋਂ ਹੇਠ ਲਿਖੀਆਂ ਇਕਾਂਗੀਆਂ ਵਿਚੋਂ ਕਿਸੇ **ਇਕ** ਦੀ ਸਾਹਿਤਕ ਪੜਚੋਲ ਕਰੋ : (15)

   (ੳ) ਇਕ ਵਿਚਾਰੀ ਮਾਂ

   (ਅ) ਤਰੇੜ

   (ੲ) ਛੂਈ-ਮੂਈ

P.T.O.

4. ਹਰਸ਼ਰਨ ਸਿੰਘ ਦੇ ਇਕਾਂਗੀ, 'ਜੋਤ ਤੋਂ ਜੋਤ ਜਗੇ' ਦੇ ਵਿਸ਼ੇ ਅਤੇ ਰੰਗਮੰਚ ਪੱਖ ਬਾਰੇ ਚਰਚਾ ਕਰੋ। (10)

**ਜਾਂ**

ਇਕ ਸਫਲ ਇਕਾਂਗੀ-ਨਾਟਕ ਵਿਚ ਕਿਹੜੇ-ਕਿਹੜੇ ਗੁਣ ਹੋਣੇ ਚਾਹੀਦੇ ਹਨ ? ਵਿਸਥਾਰ ਸਹਿਤ ਲਿਖੋ।

5. ਹੇਠ ਲਿਖੇ ਸ਼ਬਦਾਂ ਵਿਚੋਂ ਪੰਜ ਸ਼ਬਦਾਂ ਦੇ ਸ਼ੁੱਧ ਰੂਪ ਦੱਸੋ : (5)
ਵਿਧਿਆਰਥੀ, ਕਵਿ, ਕਤਾਬ, ਸੋਹਜ, ਪਾਨੀ, ਪਰਮਪਰਾ, ਚਾਂਧੀ, ਸਹੁਣਾ, ਪਯਾਰ, ਅਮਰਤਸਰ

6. ਕਾਰਕ ਕਿਸਨੂੰ ਕਹਿੰਦੇ ਹਨ ? ਇਸਦੇ ਭੇਦ ਦਸੋ। (5)

7. ਹੇਠ ਲਿਖੇ ਸ਼ਬਦਾਂ ਵਿਚੋਂ ਕੋਈ **ਪੰਜ** ਦੇ ਅਗੇਤਰ ਤੇ ਪਿਛੇਤਰ ਦਸੋ : (5)
ਅਪਸ਼ਗਨ, ਉਪਵਾਕ, ਬੇਅੰਤ, ਹੋਣਹਾਰ, ਬੁੱਧੀਮਾਨ, ਸਾਦਾਪਨ, ਅੰਮ੍ਰਿਤਸਰ।

8. ਲਗਾਂ ਕਿਸਨੂੰ ਆਖਦੇ ਹਨ ? ਲਗਾਂ ਦੀ ਗਿਣਤੀ ਦਸ ਕੇ ਉਹਨਾਂ ਦੇ ਨਾਮ ਅਤੇ ਭੇਦ ਦਸੋ। (5)

9. ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਢੁੱਕਵਾਂ ਸਿਰਲੇਖ ਵੀ ਦਿਉ। (5)
"ਸ਼ਰੀਰਕ ਲੋੜਾਂ ਵਾਂਗ ਮਨੁੱਖ ਦੀਆਂ ਕੁਝ ਮਾਨਸਿਕ ਲੋੜਾਂ ਵੀ ਹਨ, ਜਿਹਨਾਂ ਦੀ ਤ੍ਰਿਪਤੀ ਸੁਹਜ ਰਸ ਨਾਲ ਹੁੰਦੀ ਹੈ। ਸੁਹਜ ਨੂੰ ਮਾਨਣ ਦੀ ਇੱਛਾ ਨੇ ਕਲਾ ਨੂੰ ਜਨਮ ਦਿੱਤਾ। ਉਹ ਕਲਾ, ਜਿਸਨੂੰ ਆਦਿ-ਕਾਲ ਤੋਂ ਅਨੇਕਾਂ ਕਿਰਤੀਆਂ ਨੇ, ਆਪਣੇ ਅਨੁਭਵ ਨਾਲ ਸਿੰਜਕੇ, ਰਸਾਇਆ, ਪਕਾਇਆ ਤੇ ਨਿਖਾਰਿਆ ਅਤੇ ਜੋ ਪਰੰਪਰਾ ਦੀ ਧਾਰਾ ਦਾ ਅੰਗ ਬਣ ਕੇ ਵਿਗਸੀ, ਲੋਕ-ਕਲਾ ਅਖਵਾਈ। ਲੋਕ-ਕਲਾ ਦੀ ਵੱਡੀ ਸਿਫ਼ਤ ਇਹ ਹੈ ਕਿ ਇਹ ਸੁਹਜ ਰਸ ਦੀ ਤ੍ਰਿਪਤੀ ਕਰਨ ਦੇ ਨਾਲ ਉਪਯੋਗੀ ਵੀ ਹੁੰਦੀ ਹੈ ਅਤੇ ਜੀਵਨ ਵਿਚ ਸਹਿਜ ਰੂਪ ਵਿਚ ਰਚੀ ਹੁੰਦੀ ਹੈ।"

—0—